# “ ਜੋ ਕਹਾਂਗੇ ਉਸ ਲਈ ਯਤਨਸ਼ੀਲ ਰਹਾਂਗੇ “

# ਆਜ਼ਾਦ ਗਰੁੱਪ

## ਚੋਣ ਮਨੋਰਥ ਪੱਤਰ

## 2023-2025

ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਪੰਜਾਬ ਸਰਕਾਰ ਦਾ ਸਰਵ ਉੱਚ ਅਦਾਰਾ ਹੈ। ਇਸ ਵਿੱਚ ਕੰਮ ਕਰਨ ਵਾਲੇ ਮੁਲਾਜ਼ਮ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਚੰਡੀਗੜ੍ਹ ਨੌਕਰੀ ਲਈ ਆਉਂਦੇ ਹਨ ਅਤੇ ਇਨ੍ਹਾਂ ਦੀ Job Non Transferable ਹੈ। ਚੰਡੀਗੜ੍ਹ ਰਿਹਾਇਸ਼ ਪੱਖੋਂ ਇੱਕ ਬਹੁਤ ਮਹਿੰਗਾ ਸ਼ਹਿਰ ਅਤੇ ਸਾਰੇ ਕਰਮਚਾਰੀਆਂ ਨੂੰ ਸਰਕਾਰੀ ਰਿਹਾਇਸ਼ ਦੀ ਸਹੂਲਤ ਵੀ ਨਹੀਂ ਹੈ। ਮੁਲਾਜ਼ਮ ਕਿਰਾਏ ਦੇ ਮਕਾਨਾਂ ਵਿੱਚ ਬਹੁਤ ਜਿਆਦਾ ਕਿਰਾਇਆ ਦੇ ਕੇ ਰਹਿ ਰਹੇ ਹਨ। ਇਹ ਗੱਲ ਸਾਰੇ ਅਸੀਂ ਸਮਝ ਸਕਦੇ ਹਾਂ ਕਿ ਪੰਜਾਬ ਕੇ ਕਿਸੇ ਵੀ ਇਲਾਕੇ ਵਿੱਚੋਂ ਆ ਕੇ ਚੰਡੀਗੜ੍ਹ ਵਿੱਚ Survive ਕਰਨਾ ਕਿੰਨਾ ਔਖਾ ਹੈ। ਪੰਜਾਬ ਸਿਵਲ ਸਕੱਤਰੇਤ ਦੇ ਮੁਲਾਜਮਾਂ ਦੀਆਂ ਮੰਗਾਂ ਪੰਜਾਬ ਦੇ ਬਾਕੀ ਮੁਲਾਜ਼ਮਾਂ ਦੀ ਮੰਗਾਂ ਨਾਲੋ ਵੱਖਰੀਆਂ ਹਨ। ਇਸ ਲਈ ਪੰਜਾਬ ਸਿਵਲ ਸਕੱਤਰੇਤ ਸਟਾਫ ਐਸੋਸੀਏਸ਼ਨ ਨੂੰ Secretariat First ਸਿਧਾਂਤ ਤੇ ਕੰਮ ਕਰਦੇ ਹੋਏ ਪਹਿਲਾਂ ਸਕੱਤਰੇਤ ਦੇ ਮੁਲਾਜ਼ਮਾਂ ਦੀ ਭਲਾਈ ਲਈ ਆਵਾਜ ਚੁੱਕਣੀ ਚਾਹੀਦੀ ਹੈ। ਇਸ ਲਈ ਜੇਕਰ ਸਾਡੇ ਅਜ਼ਾਦ ਗਰੁੱਪ ਨੂੰ ਪੰਜਾਬ ਸਿਵਲ ਸਕੱਤਰੇਤ ਸਟਾਫ ਐਸੋਸੀਏਸ਼ਨ (ਮਾਨਤਾ ਪ੍ਰਾਪਤ) ਦੀ ਨੁਮਾਇੰਦਗੀ ਕਰਨ ਦਾ ਮੌਕਾ ਮਿਲਦਾ ਹੈ ਤਾਂ ਅਸੀ ਹੇਠਾਂ ਲਿਖੀਆਂ ਮੰਗਾ ਸਰਕਾਰ ਅੱਗੇ ਰੱਖਾਂਗੇ ਅਤੇ ਇਨ੍ਹਾਂ ਦੀ ਪੂਰਤੀ ਲਈ ਤਨੋ ਮਨੋ ਯਤਨ ਕਰਾਂਗੇ :-

- ਪੁਰਾਣੀ ਪੈਨਸ਼ਨ ਸਰਕਾਰੀ ਮੁਲਾਜ਼ਮਾਂ ਦਾ ਹੱਕ ਅਤੇ ਬੁਢਾਪੇ ਦਾ ਸਹਾਰਾ ਹੈ। ਇਸ ਲਈ ਸਾਡੇ ਵੱਲੋਂ ਪੁਰਾਣੀ ਪੈਨਸ਼ਨ ਦੀ ਮੁੜ ਬਹਾਲੀ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।
- ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ 15-01-2015 ਨੂੰ ਵਾਪਾਸ ਕਰਵਾਉਣ ਅਤੇ ਬਣਦੇ ਲਾਭ ਰਲੀਜ ਕਰਵਾਉਣ ਲਈ ਪੂਰੇ ਯਤਨ ਕੀਤੇ ਜਾਣਗੇ।
- ਪੰਜਾਬ ਸਰਕਾਰ ਦੇ ਇਸਤਰੀ ਮੁਲਾਜਮਾਂ ਨੂੰ ਵੀ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੀ ਤਰਜ਼ ਤੇ 2 ਸਾਲ ਦੀ Child Care Leave ਮਿਲਣੀ ਚਾਹੀਦੀ ਹੈ। *
- ਸਕੱਤਰੇਤ ਵਿਖੇ ਇਸਤਰੀ ਮੁਲਾਜ਼ਮਾਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਹਰੇਕ ਬਿਲਡਿੰਗ ਵਿੱਚ ਇੱਕ Dormitory ਦਾ ਪ੍ਰਬੰਧ ਹੋਣਾ ਚਾਹੀਦਾ ਹੈ।
- ਸਕੱਰੇਤ ਦੇ ਸੀਨੀਅਰ ਸਹਾਇਕਾਂ ਦੀ ਭਵਿੱਖ ਵਿੱਚ Promotions ਵਿੱਚ ਆਉਣ ਵਾਲੀ ਵੱਡੀ ਖੜੌਤ (Stagnation) ਦੇ ਮੱਦੇ-ਨਜ਼ਰ ਸੀਨੀਅਰ ਸਹਾਇਕਾਂ ਦੀਆਂ ਕੁੱਲ ਭਰੀਆਂ ਅਸਾਮੀਆਂ ਵਿੱਚੋਂ 50% ਅਸਾਮੀਆਂ ਤੇ 7 ਸਾਲ ਦਾ ਤਜਰਬਾ ਪੂਰਾ ਕਰਦੇ ਸੀਨੀਅਰ ਸਹਾਇਕਾਂ ਦੀ ਸੁਪਰਡੰਟ ਗ੍ਰੇਡ-2 ਦੇ ਸਕੇਲ ਵਿੱਚ ਪਲੇਸਮੈਂਟ ਹੋਣੀ ਚਾਹੀਦੀ ਹੈ ।
- PCS Executive Class ਦੇ Register A-2 ਦੀ ਅਸਾਮੀਆਂ ਵਿੱਚ ਪੰਜਾਬ ਸਿਵਲ ਸਕੱਰੇਤ ਦੇ ਕਰਮਚਾਰੀਆਂ ਵਾਸਤੇ ਘੱਟੋ-ਘੱਟ 50% ਕੋਟਾ ਹੋਣਾ ਚਾਹੀਦਾ ਹੈ । ਇਸ ਸਬੰਧੀ ਕੇਸ ਸਾਡੇ ਵੱਲੋਂ ਪਹਿਲਾਂ ਹੀ ਪ੍ਰਸੋਨਲ ਵਿਭਾਗ ਨਾਲ ਟੇਕ-ਅਪ ਕੀਤਾ ਹੋਇਆ ਹੈ। *
- ਸਕੱਤਰੇਤ ਦੇ ਸਟਾਫ ਦਾ Nomenclature ਵੀ Central Secretariat ਦੀ ਤਰਜ਼ ਤੇ ਹੋਣਾ ਚਾਹੀਦਾ। ਜਿਵੇਂ ਕਿ ਸੀਨੀਅਰ ਸਹਾਇਕਾਂ ਦੀ ਪੋਸਟ ਦਾ ਪਦ-ਨਾਮ CSS ਵਿੱਚ Assistant Section Officer ਹੈ। *
- ਸਕੱਤਰੇਤ ਦੇ ਸੀਨੀਅਰ ਸਹਾਇਕ, ਕਲਰਕ ਆਦਿ ਨੂੰ ਨਿੱਜੀ ਅਮਲੇ ਦੀ ਤਰ੍ਹਾਂ ਹੀ ਸਪੈਸ਼ਲ ਪੇਅ ਮਿਲਣੀ ਚਾਹੀਦੀ ਹੈ। *
- ਸਕੱਤਰੇਤ ਦੇ ਸੀਨੀਅਰ ਸਹਾਇਕ ਨੂੰ Laptop ਅਤੇ Internet ਲਈ Allowance ਮਿਲਣਾ ਚਾਹੀਦਾ ਹੈ । *
- 6ਵੇਂ ਪੇਅ ਕਮਿਸ਼ਨ ਅਨੁਸਾਰ ਪੇਅ ਫਿਕਸੇਸ਼ਨ ਕਾਰਣ ਕਈ ਪ੍ਰਮੋਟ ਹੋਏ ਕਲਰਕ ਅਤੇ ਸੀਨੀਅਰ ਸਹਾਇਕ ਸਾਥੀਆਂ ਨੂੰ ਤਨਖਾਹ ਵਿੱਚ 15% ਦਾ ਲਾਭ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ ।
- ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਦੇ ਮੁਲਾਜ਼ਮਾਂ ਨੂੰ ਪਹਿਲ ਦੇ ਅਧਾਰ ਕੇ ਰਿਹਾਇਸ਼ੀ ਪਲਾਟ ਅਲਾਟ ਹੋਣੇ ਚਾਹੀਦੇ ਹਨ। ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਦੇ ਮੁਲਾਜ਼ਮਾਂ ਨੂੰ ਰਿਹਾਇਸ਼ੀ ਪਲਾਟ ਸਰਕਾਰੀ ਰੇਟਾਂ ਤੇ ਮਿਲਣੇ ਚਾਹੀਦੇ ਹਨ ਅਤੇ ਇਸ ਲਈ ਸਰਕਾਰ ਪਾਸੋਂ ਘੱਟ ਵਿਆਜ ਦਰ ਤੇ ਸਹਿਕਾਰੀ ਬੈਂਕਾਂ ਤੋਂ ਲੋਨ ਮਿਲਣਾ ਚਾਹੀਦਾ ਹੈ। *

- ਸਕੱਤਰੇਤ ਦੇ ਸਾਰੇ ਚਾਹਵਾਨ ਮੁਲਾਜ਼ਮਾਂ ਨੂੰ ਸਰਕਾਰੀ ਰਿਹਾਇਸ਼ ਦਾ ਲਾਭ ਨਹੀਂ ਮਿਲਦਾ ਹੈ। ਕਿਉਂਕਿ ਸਕੱਤਰੇਤ ਦੇ ਮੁਲਾਜ਼ਮਾਂ ਲਈ ਸਰਕਾਰੀ ਰਿਹਾਇਸ਼ੀ ਮਕਾਨ Earmark ਨਹੀਂ ਹਨ। ਇਸ ਮੰਤਵ ਲਈ ਮਕਾਨ earmark ਕਰਵਾਉਣ ਦੇ ਯਤਨ ਕੀਤੇ ਜਾਣਗੇ।
- ਪੰਜਾਬ ਸਿਵਲ ਸਕੱਤਰੇਤ ਵਿੱਚ ਦੇ ਸੀਨੀਅਰ ਸਹਾਇਕਾਂ ਦੇ ਕੰਮ/ਜਿੰਮਵਾਰੀਆਂ(Nature of Job and Work Responsibilities) ਨੂੰ ਧਿਆਨ ਵਿੱਚ ਰੱਖਦੇ ਹੋਏ, ਸਨਮਾਨ ਜਨਕ ਰਾਸ਼ੀ Additional Responsibility Allowance ਵਜੋਂ ਮਿਲਣੀ ਚਾਹੀਦੀ ਹੈ।
- ਸਕੱਤਰੇਤ ਵਿਖੇ ਕੰਮ ਕਰ ਰਹੇ ਲੀਗਲ ਕਲਰਕਾਂ ਦੇ ਸੇਵਾ ਨਿਯਮ ਬਣਾਉਂਦੇ ਹੋਏ, ਵੱਖਰਾ ਕਾਡਰ ਅਤੇ Promotion Channel (Assistant law Officer/Law Officer/Senior Law Officer) ਹੋਣਾ ਚਾਹੀਦਾ ਹੈ ।
- ਸਕੱਤਰੇਤ ਵਿਖੇ ਨਵ-ਨਿਯੁਕਤ ਕਲਰਕ ਦੀ ਮੁੱਢਲੀ ਤਨਖਾਹ CSS ਦੇ UDC ਦੇ ਬਰਾਬਰ (25500/-) ਹੋਣੀ ਚਾਹੀਦੀ ਹੈ।
- ਸਕੱਤਰੇਤ ਦੇ ਮੁਲਾਜਮਾਂ ਦੇ ਵਰਕ-ਲੋਡ ਬਹੁਤ ਹੀ unbalanced ਹੈ, ਜਿਸ ਨਾਲ ਕਰਮਚਾਰੀਆਂ ਨੂੰ ਕੰਮ ਪ੍ਰਤੀ ਤਨਾਅ ਬਣਿਆ ਰਹਿੰਦਾ ਹੈ ਅਤੇ ਜਿਸਦਾ ਉਸਦੀ ਸਿਹਤ, ਪਰਿਵਾਰਿਕ ਅਤੇ ਸਮਾਜਿਕ ਜੀਵਨ ਤੇ ਬੁਰਾ ਪ੍ਰਭਾਵ ਪੈਂਦਾ ਹੈ। ਇਸ ਲਈ ਸਕੱਤਰੇਤ ਦੇ ਮੁਲਾਜਮਾਂ ਦੇ ਵਰਕ-ਲੋਡ ਮੈਨੇਜਮੈਂਟ ਦਾ ਢੁੱਕਵਾ ਪ੍ਰਬੰਧ ਹੋਣਾ ਚਾਹੀਦਾ ਹੈ। ਸ਼ਾਖਾਵਾਂ ਵਿੱਚ ਸੀਨੀਅਰ ਸਹਾਇਕ ਦੀ ਗਿਣਤੀ ਵਰਕ-ਲੋਡ ਦੇ ਆਧਾਰਿਤ ਹੋਣੀ ਚਾਹੀਦੀ ਹੈ ।
- ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਦੇ ਮੁਲਾਜਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਚੰਡੀਗੜ੍ਹ ਅਤੇ ਐਸ.ਏ.ਐਸ ਨਗਰ (ਮੋਹਾਲੀ) ਵਿੱਚ ਦੇ ਹਸਪਤਾਲਾਂ ਵਿੱਚ Cash Less Medical Treatment ਦੀ ਸਹੂਲਤ ਹੋਣੀ ਚਾਹੀਦੀ ਹੈ।
- ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਦੇ ਮੁਲਾਜਮਾਂ ਨੂੰ ਪੰਜਾਬ ਰਾਜ ਵਿੱਚ Toll Tax ਤੋਂ Exemption ਹੋਣੀ ਚਾਹੀਦੀ ਹੈ। *
- ਚੰਡੀਗੜ੍ਹ ਦੇ ਸਕੂਲ ਪੰਜਾਬ ਦੇ ਸਕੂਲਾਂ ਤੋਂ ਕਾਫੀ ਮਹਿੰਗੇ ਹਨ ਇਸ ਲਈ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਦੇ ਮੁਲਾਜਮਾਂ ਦੇ ਬੱਚਿਆਂ ਦੀ Tuition Fee ਦੀ Reimbursement ਹੋਣੀ ਚਾਹੀਦੀ ਹੈ।
- ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਦੇ ਮੁਲਾਜਮਾਂ ਦੀ ਆਪਣੇ ਕੰਮ ਵਿੱਚ ਨਿਪੁੰਨਤਾ ਲਿਆਉਣ ਲਈ ਹਰ 6 ਮਹੀਨੇ ਬਾਅਦ ਟ੍ਰੇਨਿੰਗ ਹੋਣੀ ਚਾਹੀਦੀ ਹੈ।
- ਸਕੱਤਰੇਤ ਦੀਆਂ ਸਾਰੀਆਂ ਸ਼ਾਖਾਵਾਂ ਦੇ ਸਕੱਤਰੇਤ ਦੀ ਬਿਲਡਿੰਗ ਦੇ ਅੰਦਰ ਹੀ ਹੋਣੀਆਂ ਚਾਹੀਦੀਆਂ ਹਨ ਅਤੇ ਪ੍ਰਬੰਧਕੀ ਸਕੱਤਰ ਦਾ ਦਫ਼ਤਰ ਵੀ ਉਸੇ ਹੀ ਬਿਲਡਿੰਗ ਵਿੱਚ ਹੋਣਾ ਚਾਹੀਦਾ ਹੈ ਤਾਂ ਜੋ ਕੰਮ ਨਿਪਟਾਉਣ ਵਿੱਚ ਬੇਲੋੜੀ ਦੇਰੀ ਅਤੇ ਆਵਾਜਾਈ ਤੋਂ ਬਚਿਆ ਜਾ ਸਕੇ ਅਤੇ ਇਸਤੋਂ ਇਲਾਵਾ ਕਰਮਚਾਰੀਆਂ ਨੂੰ ਮਾਨਸਿਕ ਪਰੇਸ਼ਾਨੀ ਤੋਂ ਨਿਜਾਤ ਮਿਲ ਸਕੇ।
- ਪੰਜਾਬ ਸਿਵਲ ਸਕੱਤਰੇਤ ਦੇ ਮੁਲਾਜਮਾਂ ਨੂੰ Dearness Allowance ਦੀਆਂ ਕਿਸ਼ਤਾਂ IAS ਅਧਿਕਾਰੀਆਂ ਦੇ ਨਾਲ ਲਿੰਕ ਕਰਵਾਉਣ ਅਤੇ Dearness Allowance ਦਾ ਬਕਾਇਆ ਰਲੀਜ਼ ਕਰਵਾਉਣ ਦੇ ਦੇ ਯਤਨ ਕੀਤੇ ਜਾਣਗੇ।
- ਸੀਨੀਅਰ ਸਹਾਇਕ ਵੀ ਗਰੁੱਪ ਬੀ ਕੈਟਾਗਰੀ ਵਿੱਚ ਆਉਂਦੇ ਹਨ, ਇਸ ਲਈ ਸੀਨੀਅਰ ਸਹਾਇਕਾਂ ਦੇ ਵੀ ਨਿੱਜੀ ਅਮਲੇ (ਨਿੱਜੀ ਸਹਾਇਕ) ਦੀ ਤਰ੍ਹਾਂ ਹੀ ਲਾਲ ਰੰਗ ਦੇ ਆਈ.ਡੀ ਕਾਰਡ ਬਣਨੇ ਚਾਹੀਦੇ ਹਨ । *
- ਸਕੱਰਤੇਤ ਵਿਖੇ ਦਾਖਲੇ ਸਮੇਂ CISF ਵੱਲੋਂ ਸਕੱਤਰੇਤ ਦੇ ਮੁਲਾਜ਼ਮਾਂ ਦੀ ਕੀਤੀ ਜਾਂਦੀ Frisking ਨਾਲ ਕਰਮਚਾਰੀਆਂ ਦੇ ਸਨਮਾਨ ਨੂੰ ਠੇਸ ਪਹੁੰਚਦੀ ਹੈ। ਇਸ ਲਈ ਇਹ ਪ੍ਰਥਾ ਬੰਦ ਕੀਤੀ ਜਾਣੀ ਚਾਹੀਦੀ ਹੈ।
- ਪੰਜਾਬ ਸਿਵਲ ਸਕੱਤਰੇਤ ਦੇ ਕਰਮਚਾਰੀ ਦਿਨ ਰਾਤ ਆਪਣੀ ਡਿਊਟੀ ਪੂਰੀ ਲਗਨ ਅਤੇ ਮਿਹਨਤ ਨਾਲ ਕਰਦੇ ਹਨ ਅਤੇ ਸਰਕਾਰ ਦਾ ਲੋਕ ਭਲਾਈ ਦਾ ਟੀਚਾ ਪੂਰਾ ਕਰਨ ਵਿੱਚ ਪੂਰਾ ਸਾਥ ਦਿੰਦੇ ਹਨ, ਪਰੰਤੂ ਇਨ੍ਹਾਂ ਦੀ ਇਸ ਕੰਮ ਲਈ ਕਦੇ ਵੀ ਸਲਾਘਾ ਨਹੀਂ ਕੀਤੀ ਜਾਂਦੀ । ਇਸ ਲਈ ਮਨੋਬਲ ਵਿੱਚ ਵਾਧਾ ਕਰਨ ਲਈ ਸਕੱਤਰੇਤ ਦੇ ਮਿਹਨਤੀ ਤੇ ਤਜ਼ਰਬੇਕਾਰ ਕਰਮਚਾਰੀਆਂ ਨੂੰ ਵੀ ਵਿਸੇਸ਼ ਸਨਮਾਨ /ਸਟੇਟ ਅਵਾਰਡਜ਼ ਆਦਿ ਲਈ ਵਿਚਾਰਿਆ ਜਾਣਾ ਚਾਹੀਦਾ ਹੈ ।

- ❖ ਪੰਜਾਬ ਸਿਵਲ ਸਕੱਤਰੇਤ ਦੀ ਕਾਰ/ਸਕੂਟਰ ਪਾਰਕਿੰਗ ਤੋਂ ਲੈ ਕੇ ਮੇਨ ਐਂਟਰੈਂਸ ਤੱਕ ਸਾਰਾ ਰਸਤਾ ਕਵਰਡ ਅਤੇ ਪੱਕਾ ਹੋਣਾ ਚਾਹੀਦਾ ਹੈ ਤਾਂ ਜੋ ਮੀਂਹ ਕਣੀ ਵਿੱਚ ਦਫਤਰ ਵਿੱਚ ਦਾਖਲ ਹੋਣ ਸਮੇਂ ਕੋਈ ਮੁਸ਼ਕਿਲ ਪੇਸ਼ ਨਾ ਆਵੇ।
- ❖ ਪੰਜਾਬ ਸਿਵਲ ਸਕੱਤਰੇਤ ਪੰਜਾਬ ਸਰਕਾਰ ਦਾ ਮੁੱਖ ਦਫ਼ਤਰ ਹੈ । ਮੁੱਖ ਮੰਤਰੀ ਜੀ ਅਤੇ ਮੁੱਖ ਸਕੱਤਰ ਜੀ ਤੋਂ ਇਲਾਵਾ ਸਾਰੇ ਮੰਤਰੀ ਸਾਹਿਬਾਨ ਅਤੇ ਪ੍ਰਬੰਧਕੀ ਸਕੱਤਰ ਸਕੱਤਰੇਤ ਦੀ ਬਿਲਡਿੰਗ ਵਿੱਚ ਹੀ ਬੈਠਦੇ ਹਨ । ਇਹ ਬਿਲਡਿੰਗ ਸਕਿਊਰਟੀ ਦੇ ਪੱਖੋਂ ਬਹੁਤ ਹੀ ਸੈਂਸਟਿਵ ਹੈ, ਇਸ ਲਈ ਸਕੱਤਰੇਤ ਦੇ ਕਰਮਚਾਰੀਆਂ ਨੂੰ Risk Allowance ਵੀ ਮਿਲਣਾ ਚਾਹੀਦਾ ਹੈ ।
- ❖ ਪੰਜਾਬ ਸਿਵਲ ਸਕੱਤਰੇਤ ਵਿਖੇ ਆਊਟਸੋਰਸ ਜਾਂ ਠੇਕਾ ਅਧਾਰਤ ਭਰਤੀ ਦੀ ਥਾਂ ਤੇ ਕੇਵਲ ਰੈਗੂਲਰ ਨਿਯੁਕਤੀ ਹੀ ਕੀਤੀ ਜਾਣੀ ਚਾਹੀਦੀ ਹੈ ਅਤੇ ਪਹਿਲਾਂ ਭਰਤੀ ਹੋ ਚੁੱਕੇ ਆਊਟ ਸੋਰਸ ਅਤੇ ਠੇਕਾ ਅਧਾਰਤ ਕਰਮਚਾਰੀ ਪੱਕੇ ਕੀਤੇ ਜਾਣੇ ਚਾਹੀਦੇ ਹਨ ।
- ❖ ਸਕੱਤਰੇਤ ਵਿਖੇ Sports ਅਤੇ Recreational Activities ਲਈ ਸਕੱਤਰੇਤ ਇੰਪਲਾਈਜ਼ ਕਲੱਬ ਹੋਣਾ ਚਾਹੀਦਾ ਹੈ।

*** ਇਹ ਮੁੱਦੇ ਪਹਿਲਾਂ ਤੋਂ ਹੀ ਸਬੰਧਤ ਵਿਭਾਗਾਂ ਨਾਲ ਆਪਣੇ ਪੱਧਰ ਤੇ ਟੇਕ-ਅਪ ਕੀਤੇ ਹੋਏ ਹਨ।**

ਜੈ ਕਿਰਤ

